# ਅਧਿਕਾਰਤ ਵਰਤੋਂਕਾਰ

**Authorized User**

| ਲਾਭਪਾਤਰੀ ਦਾ ਨਾਮ |
|---|
| WA Cares ਆਈਡੀ ਨੰਬਰ (ਜੇਕਰ ਪਤਾ ਹੋਵੇ) |

**ਇੱਕ ਅਧਿਕਾਰਤ ਵਰਤੋਂਕਾਰ ਕੀ ਹੁੰਦਾ ਹੈ?**

ਇੱਕ ਅਧਿਕਾਰਤ ਵਰਤੋਂਕਾਰ ਉਹ ਵਿਅਕਤੀ ਹੁੰਦਾ ਹੈ ਜਿਸਨੂੰ ਤੁਸੀਂ ਤੁਹਾਡੇ ਸਪੱਸ਼ਟ ਨਿਰਦੇਸ਼ 'ਤੇ ਅਤੇ ਤੁਹਾਡੀ ਪੂਰੀ ਜਾਣਕਾਰੀ, ਸਹਿਮਤੀ ਅਤੇ ਨਿਯੰਤਰਣ ਨਾਲ ਤੁਹਾਡੀ ਸਹਾਇਤਾ ਕਰਨ ਲਈ ਆਪਣੇ WA Cares Fund ਖਾਤੇ ਤੱਕ ਪਹੁੰਚ ਦੀ ਇਜਾਜ਼ਤ ਦੇਣ ਲਈ ਚੁਣਦੇ ਹੋ।

**ਇੱਕ ਅਧਿਕਾਰਤ ਵਰਤੋਂਕਾਰ ਕੀ ਕਰ ਸਕਦਾ ਹੈ?**

ਤੁਹਾਡੀ ਜਾਣਕਾਰੀ ਅਤੇ ਸਹਿਮਤੀ ਨਾਲ, ਤੁਹਾਡੇ ਸਪੱਸ਼ਟ ਨਿਰਦੇਸ਼ 'ਤੇ, ਅਤੇ ਤੁਹਾਡੇ ਨਿਯੰਤਰਣ ਅਧੀਨ ਇੱਕ ਅਧਿਕਾਰਤ ਵਰਤੋਂਕਾਰ ਇਹ ਕਰ ਸਕਦਾ ਹੈ:

- ਆਪਣੇ ਖੁਦ ਦੇ ਲਾਗਇਨ ਰਾਹੀਂ ਤੁਹਾਡੇ ਆਨਲਾਈਨ WA Cares ਖਾਤੇ ਤੱਕ ਪਹੁੰਚ ਕਰਨਾ।
- ਆਪਣੇ ਆਨਲਾਈਨ WA Cares ਖਾਤੇ ਤੱਕ ਪਹੁੰਚ ਕਰਨ ਅਤੇ ਨੈਵੀਗੇਟ ਕਰਨ ਵਿੱਚ ਤੁਹਾਡੀ ਸਹਾਇਤਾ ਕਰਨਾ, ਜਿਸ ਵਿੱਚ ਆਨਲਾਈਨ ਅਰਜ਼ੀਆਂ ਅਤੇ ਫਾਰਮ ਭਰਨਾ ਅਤੇ ਉਹਨਾਂ ਦੇ ਆਪਣੇ ਵਰਤੋਂਕਾਰ ਪ੍ਰੋਫਾਈਲ ਰਾਹੀਂ ਤੁਹਾਡੇ WA Cares ਲਾਭਾਂ ਸੰਬੰਧੀ ਤੁਹਾਡੇ WA Cares ਖਾਤੇ ਵਿੱਚ ਚੋਣਾਂ ਕਰਨਾ ਸ਼ਾਮਲ ਹੈ।
- ਤੁਹਾਡੇ WA Cares ਖਾਤੇ ਵਿੱਚ ਉਪਲਬਧ ਤੁਹਾਡੀ HIPAA ਦੁਆਰਾ ਸੁਰੱਖਿਅਤ ਜਾਣਕਾਰੀ ਤੱਕ ਪਹੁੰਚ ਕਰਨਾ।
- ਤੁਹਾਡੀ WA Cares ਅਰਜ਼ੀ, ਲਾਭਾਂ, ਅਤੇ ਸੇਵਾਵਾਂ ਬਾਰੇ WA Cares ਨਾਲ ਸੰਚਾਰ ਕਰਨਾ।

ਇੱਕ ਅਧਿਕਾਰਤ ਵਰਤੋਂਕਾਰ ਇਹ ਨਹੀਂ ਕਰ ਸਕਦਾ:

- ਤੁਹਾਡੀ ਜਾਣਕਾਰੀ, ਸਮਝੌਤੇ, ਸਹਿਮਤੀ, ਜਾਂ ਨਿਯੰਤਰਣ ਤੋਂ ਬਿਨਾਂ ਤੁਹਾਡੇ ਲਈ ਤੁਹਾਡੇ WA Cares ਲਾਭਾਂ ਦਾ ਪ੍ਰਬੰਧਨ ਕਰਨਾ ਜਾਂ ਤੁਹਾਡੀ WA Cares ਅਰਜ਼ੀ, ਲਾਭਾਂ ਜਾਂ ਸੇਵਾਵਾਂ ਬਾਰੇ ਫੈਸਲੇ ਲੈਣਾ।
- ਤੁਹਾਡੀ ਤਰਫੋਂ ਕਿਸੇ ਵੀ ਅਰਜ਼ੀ, ਫਾਰਮ, ਤਸਦੀਕੀਕਰਨ 'ਤੇ ਦਸਤਖਤ ਕਰਨਾ, ਜਾਂ ਸਮਾਜਿਕ ਅਤੇ ਸਿਹਤ ਸੇਵਾਵਾਂ ਵਿਭਾਗ (Department of Social and Health Services) ਜਾਂ ਲੰਬੇ-ਸਮੇਂ ਦੀ ਦੇਖਭਾਲ ਜਾਂ ਡਾਕਟਰੀ ਸੇਵਾਵਾਂ ਦੇ ਪ੍ਰਦਾਤਾਵਾਂ ਸਮੇਤ ਕਿਸੇ ਨਾਲ ਵੀ ਕੋਈ ਸਮਝੌਤਾ ਕਰਨਾ।

**ਕੀ ਮੈਨੂੰ ਇੱਕ ਅਧਿਕਾਰਤ ਵਰਤੋਂਕਾਰ ਦੀ ਲੋੜ ਹੈ?**

ਨਹੀਂ, ਤੁਹਾਨੂੰ ਇੱਕ ਅਧਿਕਾਰਤ ਵਰਤੋਂਕਾਰ ਰੱਖਣ ਦੀ ਲੋੜ ਨਹੀਂ ਹੈ। ਇੱਕ ਅਧਿਕਾਰਤ ਵਰਤੋਂਕਾਰ ਨੂੰ ਨਿਯੁਕਤ ਕਰਨਾ ਵਿਕਲਪਿਕ ਹੈ ਅਤੇ ਇਸਦਾ ਤੁਹਾਡੇ ਲਾਭਾਂ ਜਾਂ ਯੋਗਤਾ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਤੁਸੀਂ ਕਿਸੇ ਵੀ ਸਮੇਂ ਆਪਣੇ ਆਨਲਾਈਨ WA Cares ਖਾਤੇ ਰਾਹੀਂ ਜਾਂ WA Cares ਨਾਲ ਸੰਪਰਕ ਕਰਕੇ ਇੱਕ ਅਧਿਕਾਰਤ ਵਰਤੋਂਕਾਰ ਨੂੰ ਹਟਾ ਸਕਦੇ ਹੋ।

**ਕੀ ਇੱਕ ਅਧਿਕਾਰਤ ਵਰਤੋਂਕਾਰ ਇੱਕ ਕਾਨੂੰਨੀ ਪ੍ਰਤੀਨਿਧ ਹੁੰਦਾ ਹੈ?**

ਇੱਕ ਅਧਿਕਾਰਤ ਵਰਤੋਂਕਾਰ ਇੱਕ ਕਾਨੂੰਨੀ ਪ੍ਰਤੀਨਿਧ ਨਹੀਂ ਹੁੰਦਾ ਹੈ। ਇੱਕ ਕਾਨੂੰਨੀ ਪ੍ਰਤੀਨਿਧ ਦੇ ਉਲਟ, ਇੱਕ ਅਧਿਕਾਰਤ ਵਰਤੋਂਕਾਰ ਸਿਰਫ਼ ਤੁਹਾਡੇ ਸਪੱਸ਼ਟ ਨਿਰਦੇਸ਼ 'ਤੇ ਹੀ ਤੁਹਾਡੀ ਸਹਾਇਤਾ ਕਰ ਸਕਦਾ ਹੈ ਅਤੇ ਤੁਹਾਡੀ ਅਰਜ਼ੀ, ਲਾਭਾਂ, ਤੁਹਾਡੇ ਦੁਆਰਾ ਪ੍ਰਾਪਤ ਕੀਤੀਆਂ ਜਾਣ ਵਾਲੀਆਂ ਸੇਵਾਵਾਂ, ਜਾਂ ਜਿਨ੍ਹਾਂ ਪ੍ਰਦਾਤਾਵਾਂ ਤੋਂ ਤੁਸੀਂ ਉਹ ਸੇਵਾਵਾਂ ਪ੍ਰਾਪਤ ਕਰਦੇ ਹੋ, ਬਾਰੇ ਫੈਸਲੇ ਨਹੀਂ ਲੈ ਸਕਦਾ। WA Cares ਲਾਭਪਾਤਰੀ ਦੀ ਥਾਂ 'ਤੇ ਕਿਸੇ ਅਧਿਕਾਰਤ ਵਰਤੋਂਕਾਰ ਦੇ ਦਸਤਖਤ, ਤਸਦੀਕੀਕਰਨ, ਜਾਂ ਸਹਿਮਤੀ ਨੂੰ ਸਵੀਕਾਰ ਨਹੀਂ ਕਰੇਗਾ।

ਜੇਕਰ ਤੁਸੀਂ ਕਿਸੇ ਨੂੰ ਆਪਣੀ ਤਰਫੋਂ ਫੈਸਲੇ ਲੈਣ ਦਾ ਅਧਿਕਾਰ ਦੇਣਾ ਚਾਹੁੰਦੇ ਹੋ, ਤਾਂ ਤੁਹਾਨੂੰ ਉਸ ਵਿਅਕਤੀ ਨੂੰ ਆਪਣੇ ਕਾਨੂੰਨੀ ਪ੍ਰਤੀਨਿਧ ਵਜੋਂ ਨਿਯੁਕਤ ਕਰਨ ਵਾਲੇ ਕਾਨੂੰਨੀ ਦਸਤਾਵੇਜ਼ ਪ੍ਰਦਾਨ ਕਰਨੇ ਚਾਹੀਦੇ ਹਨ। ਤੁਸੀਂ ਆਪਣਾ ਖੁਦ ਦਾ ਫਾਰਮ ਜਾਂ WA Cares Fund ਲਾਭਾਂ ਲਈ ਸੀਮਤ ਪਾਵਰ ਆਫ਼ ਅਟਾਰਨੀ ਫਾਰਮ ਦੀ ਵਰਤੋਂ ਕਰ ਸਕਦੇ ਹੋ।

**ਜੇਕਰ ਮੇਰੇ ਕੋਲ ਪਹਿਲਾਂ ਹੀ ਇੱਕ ਕਾਨੂੰਨੀ ਪ੍ਰਤੀਨਿਧ ਹੈ ਤਾਂ ਕੀ ਹੋਵੇਗਾ?**

ਜੇਕਰ ਤੁਹਾਡੇ ਕੋਲ ਪਹਿਲਾਂ ਹੀ ਇੱਕ ਕਾਨੂੰਨੀ ਪ੍ਰਤੀਨਿਧ ਹੈ, ਤਾਂ ਤੁਸੀਂ ਕਾਨੂੰਨੀ ਦਸਤਾਵੇਜ਼ਾਂ ਦੀ ਇੱਕ ਕਾਪੀ WA Cares ਨੂੰ ਪ੍ਰਦਾਨ ਕਰ ਸਕਦੇ ਹੋ। ਤੁਹਾਡੇ ਕਾਨੂੰਨੀ ਪ੍ਰਤੀਨਿਧ ਦੁਆਰਾ ਤੁਹਾਡੀ ਤਰਫੋਂ ਤੁਹਾਡੇ ਲਾਭਾਂ ਦਾ ਪ੍ਰਬੰਧਨ ਕਰਨ ਲਈ WA Cares ਕੋਲ ਫਾਈਲ 'ਤੇ ਤੁਹਾਡੇ ਕਾਨੂੰਨੀ ਦਸਤਾਵੇਜ਼ਾਂ ਦੀ ਇੱਕ ਕਾਪੀ ਹੋਣੀ ਚਾਹੀਦੀ ਹੈ।

| ਇਸ ਫਾਰਮ ਨੂੰ ਪੂਰਾ ਕਰੋ ਅਤੇ ਜਮ੍ਹਾਂ ਕਰੋ: | ਜਾਣਕਾਰੀ ਜਿਸਦੀ ਤੁਹਾਨੂੰ ਲੋੜ ਪਵੇਗੀ: |
|---|---|
| ਇਸ ਫਾਰਮ ਨੂੰ ਪੂਰਾ ਕਰਨ ਅਤੇ ਜਮ੍ਹਾਂ ਕਰਨ ਦੇ ਤਿੰਨ ਤਰੀਕੇ ਹਨ:<br>**ਆਨਲਾਈਨ:**<br>ਇੱਕ ਇਲੈਕਟ੍ਰਾਨਿਕ ਸੰਸਕਰਣ ਤੁਹਾਡੇ ਆਨਲਾਈਨ WA Cares ਖਾਤੇ ਰਾਹੀਂ ਪੂਰਾ ਕੀਤਾ ਅਤੇ ਦਸਤਖਤ ਕੀਤਾ ਜਾ ਸਕਦਾ ਹੈ।<br>**ਅੱਪਲੋਡ ਕਰੋ:** | • ਤੁਹਾਡਾ ਪੂਰਾ ਨਾਮ<br>• ਤੁਹਾਡਾ ਪਤਾ ਅਤੇ ਫ਼ੋਨ ਨੰਬਰ<br>• ਤੁਹਾਡਾ WA Cares ਆਈਡੀ ਨੰਬਰ (ਜੇਕਰ ਪਤਾ ਹੋਵੇ)<br>• ਤੁਹਾਡੇ ਅਧਿਕਾਰਤ ਵਰਤੋਂਕਾਰ ਦਾ ਪੂਰਾ ਨਾਮ ਅਤੇ ਸੰਪਰਕ ਜਾਣਕਾਰੀ।<br>**ਮੈਨੂੰ ਇਸ ਫਾਰਮ ਵਿੱਚ ਮਦਦ ਦੀ ਲੋੜ ਹੈ:**<br>ਸਹਾਇਤਾ ਲਈ WA Cares ਨਾਲ ਸੰਪਰਕ ਕਰੋ:<br>**ਕਾਲ ਕਰੋ:** 844-CARE4WA (844-227-3492) |



Barcode Label Here

# ਅਧਿਕਾਰਤ ਵਰਤੋਂਕਾਰ
**Authorized User**

| ਲਾਭਪਾਤਰੀ ਦਾ ਨਾਮ |
|---|
| WA Cares ਆਈਡੀ ਨੰਬਰ (ਜੇਕਰ ਪਤਾ ਹੋਵੇ) |

ਇਸ ਫਾਰਮ ਨੂੰ ਪੂਰਾ ਕਰੋ ਅਤੇ ਦਸਤਖਤ ਕਰੋ। ਆਪਣੇ ਆਨਲਾਈਨ WA Cares ਖਾਤੇ 'ਤੇ ਅੱਪਲੋਡ ਕਰੋ।

**ਡਾਕ ਰਾਹੀਂ ਇੱਥੇ ਭੇਜੋ:**

DSHS
The WA Cares Fund
PO Box 45612
Olympia, WA 98504-5612

**ਇੱਥੇ ਜਾਓ:** www.wacaresfund.wa.gov

**ਭਾਸ਼ਾਈ ਸਹਾਇਤਾ ਉਪਲਬਧ ਹੈ:**

- ਭਾਸ਼ਾ ਦੁਭਾਸ਼ੀਆ ਸੇਵਾਵਾਂ
- ਸੈਨਤ ਭਾਸ਼ਾ ਸੇਵਾਵਾਂ
- ਬ੍ਰੇਲ
- TTY/TDD ਵਰਤੋਂਕਾਰ ਡਾਇਲ ਕਰਨ 1-800-833-6384

**ਲਾਭਪਾਤਰੀ ਦੀ ਜਾਣਕਾਰੀ**

| ਪੂਰਾ ਨਾਮ | ਫੋਨ ਨੰਬਰ | WA Cares ਆਈਡੀ ਨੰਬਰ | |
|---|---|---|---|
| ਘਰ ਦਾ ਪਤਾ | ਸ਼ਹਿਰ | ਸਟੇਟ | ਜ਼ਿਪ ਕੋਡ |
| ਡਾਕ ਪਤਾ (ਵਿਕਲਪਿਕ) | ਸ਼ਹਿਰ | ਸਟੇਟ | ਜ਼ਿਪ ਕੋਡ |

**ਅਧਿਕਾਰਤ ਵਰਤੋਂਕਾਰ ਦੀ ਜਾਣਕਾਰੀ**

| ਪੂਰਾ ਨਾਮ | ਫੋਨ ਨੰਬਰ | WA Cares ਆਈਡੀ ਨੰਬਰ | |
|---|---|---|---|
| ਘਰ ਦਾ ਪਤਾ | ਸ਼ਹਿਰ | ਸਟੇਟ | ਜ਼ਿਪ ਕੋਡ |

ਤੁਸੀਂ ਕਿੰਨੇ ਸਮੇਂ ਲਈ ਆਪਣੇ ਅਧਿਕਾਰਤ ਵਰਤੋਂਕਾਰ ਤੋਂ ਸਹਾਇਤਾ ਚਾਹੁੰਦੇ ਹੋ?
☐ ਇੱਕ ਸਾਲ ☐ ਕੋਈ ਮਿਆਦ ਪੁੱਗਣ ਦੀ ਮਿਤੀ ਨਹੀਂ ☐ ਖਾਸ ਮਿਤੀ:

**ਗੋਪਨੀਯਤਾ**

HIPAA ਪਾਬੰਦੀਆਂ ਅਤੇ ਹੋਰ ਗੋਪਨੀਯਤਾ ਕਾਨੂੰਨ WA Cares ਨੂੰ ਕਿਸੇ ਲਾਭਪਾਤਰੀ ਦੀ ਗੁਪਤ ਖਾਤਾ ਜਾਣਕਾਰੀ ਜਾਂ ਸੁਰੱਖਿਅਤ ਸਿਹਤ ਜਾਣਕਾਰੀ ਨੂੰ ਕਿਸੇ ਨਾਲ ਵੀ ਸਾਂਝਾ ਕਰਨ ਤੋਂ ਰੋਕਦੇ ਹਨ, ਜਦੋਂ ਤੱਕ ਕਿ ਲਾਭਪਾਤਰੀ ਨੇ ਇਸ ਜਾਣਕਾਰੀ ਨੂੰ ਸਾਂਝਾ ਕਰਨ ਲਈ WA Cares ਨੂੰ ਖਾਸ ਇਜਾਜ਼ਤ ਨਾ ਦਿੱਤੀ ਹੋਵੇ।

ਇਸ ਫਾਰਮ ਨਾਲ ਇੱਕ ਅਧਿਕਾਰਤ ਵਰਤੋਂਕਾਰ ਨੂੰ ਨਿਯੁਕਤ ਕਰਕੇ, ਤੁਸੀਂ WA Cares ਨੂੰ HIPAA-ਸੁਰੱਖਿਅਤ ਜਾਣਕਾਰੀ, ਜਿਸ ਵਿੱਚ ਸਿਹਤ ਜਾਣਕਾਰੀ ਅਤੇ ਗੁਪਤ ਖਾਤਾ ਜਾਣਕਾਰੀ ਸ਼ਾਮਲ ਹੈ, ਦੇ ਨਾਲ-ਨਾਲ WA Cares ਅਰਜ਼ੀਆਂ ਅਤੇ WA Cares ਲਾਭਾਂ ਸੰਬੰਧੀ ਜਾਣਕਾਰੀ, ਨੂੰ ਆਪਣੇ ਨਿਯੁਕਤ ਅਧਿਕਾਰਤ ਵਰਤੋਂਕਾਰ ਨਾਲ ਸਾਂਝਾ ਕਰਨ ਦੀ ਇਜਾਜ਼ਤ ਦੇ ਰਹੇ ਹੋ।

**ਅਧਿਕਾਰ-ਪੱਤਰ**

ਇਸ ਫਾਰਮ 'ਤੇ ਦਸਤਖਤ ਕਰਕੇ, ਮੈਂ ਇਹ ਸਵੀਕਾਰ ਕਰਦਾ/ਕਰਦੀ ਹਾਂ ਕਿ:

ਮੈਂ ਉਪਰੋਕਤ-ਨਾਮ ਵਾਲੇ ਵਿਅਕਤੀ ਨੂੰ ਸਿਰਫ਼ ਇੱਥੇ ਦੱਸੇ ਗਏ ਤਰੀਕੇ ਨਾਲ ਮੇਰੇ WA Cares ਲਾਭਾਂ ਵਿੱਚ ਮੇਰੀ ਸਹਾਇਤਾ ਕਰਨ ਲਈ ਮੇਰੇ ਅਧਿਕਾਰਤ ਵਰਤੋਂਕਾਰ ਵਜੋਂ ਨਿਯੁਕਤ ਕਰ ਰਿਹਾ/ਰਹੀ ਹਾਂ।

ਉਪਰੋਕਤ-ਨਾਮ ਵਾਲਾ ਵਿਅਕਤੀ ਮੇਰਾ ਕਾਨੂੰਨੀ ਪ੍ਰਤੀਨਿਧ ਨਹੀਂ ਹੈ ਅਤੇ ਕਾਨੂੰਨੀ ਦਸਤਾਵੇਜ਼ਾਂ ਤੋਂ ਬਿਨਾਂ ਮੇਰੀ ਥਾਂ 'ਤੇ ਜਾਂ ਮੇਰੀ ਤਰਫੋਂ ਮੇਰੇ WA Cares ਖਾਤੇ ਜਾਂ ਲਾਭਾਂ ਬਾਰੇ ਕੋਈ ਫੈਸਲਾ ਨਹੀਂ ਲੈ ਸਕਦਾ ਜੋ ਇਹ ਦਰਸਾਉਂਦੇ ਹਨ ਕਿ ਵਿਅਕਤੀ ਕੋਲ ਅਜਿਹਾ ਕਰਨ ਦਾ ਅਧਿਕਾਰ ਹੈ।

WA Cares ਉਪਰੋਕਤ-ਨਾਮ ਵਾਲੇ ਵਿਅਕਤੀ ਦੇ ਦਸਤਖਤ, ਤਸਦੀਕੀਕਰਨ, ਜਾਂ ਕਿਸੇ ਵੀ ਚੀਜ਼ ਲਈ ਸਹਿਮਤੀ ਨੂੰ ਮੇਰੀ ਥਾਂ 'ਤੇ ਕਾਨੂੰਨੀ ਦਸਤਾਵੇਜ਼ਾਂ ਤੋਂ ਬਿਨਾਂ ਸਵੀਕਾਰ ਨਹੀਂ ਕਰੇਗਾ ਜੋ ਇਹ ਦਰਸਾਉਂਦੇ ਹਨ ਕਿ ਵਿਅਕਤੀ ਕੋਲ ਅਜਿਹਾ ਕਰਨ ਦਾ ਅਧਿਕਾਰ ਹੈ।

WA Cares ਨੂੰ ਮੇਰੀ ਗੁਪਤ ਜਾਣਕਾਰੀ, ਜਿਸ ਵਿੱਚ ਮੇਰੀ WA Cares ਅਰਜ਼ੀ, ਲਾਭਾਂ, ਅਤੇ ਸਬੰਧਤ ਸਿਹਤ ਜਾਣਕਾਰੀ ਸ਼ਾਮਲ ਹੈ, ਨੂੰ ਉਪਰੋਕਤ-ਨਾਮ ਵਾਲੇ ਵਿਅਕਤੀ ਨਾਲ ਸਾਂਝਾ ਕਰਨ ਦੀ ਇਜਾਜ਼ਤ ਹੈ।



Barcode Label Here

# ਅਧਿਕਾਰਤ ਵਰਤੋਂਕਾਰ

**Authorized User**

| ਲਾਭਪਾਤਰੀ ਦਾ ਨਾਮ |
|---|
| WA Cares ਆਈਡੀ ਨੰਬਰ (ਜੇਕਰ ਪਤਾ ਹੋਵੇ) |

ਇਹ ਅਧਿਕਾਰ ਉੱਪਰ ਦੱਸੀ ਗਈ ਮਿਤੀ ਨੂੰ ਜਾਂ ਜੇਕਰ ਮੇਰੇ ਕੋਲ ਅਧਿਕਾਰਤ ਵਰਤੋਂਕਾਰ ਨੂੰ ਨਿਰਦੇਸ਼ ਦੇਣ ਦੀ ਸਮਰੱਥਾ ਨਹੀਂ ਰਹਿੰਦੀ, ਤਾਂ ਖਤਮ ਹੋ ਜਾਵੇਗਾ।

ਜੇਕਰ ਬਿਨੈਕਾਰ ਦਸਤਖਤ ਕਰਨ ਵਿੱਚ ਅਸਮਰੱਥ ਹੈ, ਤਾਂ ਉਹ "X" ਨਾਲ ਨਿਸ਼ਾਨ ਲਗਾ ਸਕਦੇ ਹਨ ਅਤੇ ਇੱਕ ਗਵਾਹ ਦੁਆਰਾ ਦਸਤਖਤ ਕੀਤੇ ਜਾਣੇ ਚਾਹੀਦੇ ਹਨ। ਕਿਸੇ ਕਾਨੂੰਨੀ ਪ੍ਰਤੀਨਿਧ ਦੁਆਰਾ ਦਸਤਖਤ ਕੀਤੇ ਜਾਣ ਲਈ, ਦਸਤਾਵੇਜ਼ WA Cares ਨੂੰ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ।

| | | | |
|---|---|---|---|
| ਅਰਜ਼ੀਕਰਤਾ ਦੇ ਦਸਤਖ਼ਤ | ਤਾਰੀਖ਼ | ਲਿਖਿਆ ਗਿਆ ਨਾਂ | ਸ਼ਹਿਰ ਅਤੇ ਸਟੇਟ ਜਿੱਥੇ ਦਸਤਖਤ ਕੀਤੇ ਗਏ |
| ਕਾਨੂੰਨੀ ਪ੍ਰਤੀਨਿਧ ਦੇ ਦਸਤਖਤ (ਜੇਕਰ ਲਾਗੂ ਹੋਵੇ) | ਤਾਰੀਖ਼ | ਲਿਖਿਆ ਗਿਆ ਨਾਂ | ਸ਼ਹਿਰ ਅਤੇ ਸਟੇਟ ਜਿੱਥੇ ਦਸਤਖਤ ਕੀਤੇ ਗਏ |
| ਗਵਾਹ ਦੇ ਦਸਤਖਤ (ਜੇਕਰ X ਨਾਲ ਦਸਤਖਤ ਕੀਤੇ ਹੋਣ) | ਤਾਰੀਖ਼ | ਲਿਖਿਆ ਗਿਆ ਨਾਂ | ਸ਼ਹਿਰ ਅਤੇ ਸਟੇਟ ਜਿੱਥੇ ਦਸਤਖਤ ਕੀਤੇ ਗਏ |



Barcode Label Here